Surrey Schools
LEADERSHIP IN LEARNING

Tel: 604.596.7733
www.sd36.bc.ca

# ਮਾਪਿਆਂ ਦੇ ਭਾਗ ਲੈਣ ਲਈ ਕੁਝ ਸੁਝਾਅ

## Parent Participation

ਬਚਿੱਆਂ ਦੀ ਸਕੂਲ ਦੀ ਪੜ੍ਹਾਈ ਵਿੱਚ ਮਾਪਿਆਂ ਦਾ ਇੱਕ ਖਾਸ ਹਿੱਸਾ ਹੈ । ਹਰ ਖੋਜ ਤੋਂ ਇਹ ਜਾਣਕਾਰੀ ਮਿਲੀ ਹੈ ਕਿ ਸਕੂਲ ਦੀ ਕਾਮਯਾਬੀ ਲਈ ਬੱਚਿਆਂ ਦੇ ਮਾਪਿਆਂ ਦਾ ਸਕੂਲ ਵਿੱਚ ਹਿੱਸਾ ਲੈਣਾ ਬਹੁਤ ਲਾਂਭਦਾਇਕ ਹੈ । ਸਕੂਲ ਵਿੱਚ ਇੱਕ ਵਲੰਟੀਅਰ ਦੇ ਤੌਰ ਤੇ ਭਾਗ ਲੈਣ ਨਾਲ ਬੱਚਿਆਂ ਓਪਰ ਵਧੀਆ ਪ੍ਰਭਾਵ ਪੈਂਦਾ ਹੈ । ਜਿਵੇਂ ਕਿ:

1. ਸਕੂਲ ਦੀ ਸਕੀਮ ਵਾਲੀ ਕਾਂਊਂਸਲ
2. ਮਾਪਿਆਂ ਦੀ ਸਲਾਹਕਾਰ ਕਮੇਟੀ
3. ਜਿਲਾ ਪ੍ਰੀਸ਼ਧ ਮਾਪਿਆਂ ਦੀ ਸਲਾਹਕਾਰ ਕਮੇਟੀ

### ਸਕੂਲ ਦੀ ਸਕੀਮ ਵਾਲੀ ਕਾਂਊਂਸਲ

ਇਹ ਕਮੇਟੀ ਇੱਕ ਸਲਾਹਕਾਰ ਕਮੇਟੀ ਹੁੰਦੀ ਹੈ । ਇਸ ਕਮੇਟੀ ਦਾ ਮੁੱਖ ਮਕਸਦ ਹੁੰਦਾ ਹੈ ਸਕੂਲ ਪਲੈਨ ਦੀ ਤਿਆਰੀ ਕਰਵਾਓਣੀ, ਓਹਨੂੰ ਲਾਗੂ ਕਰਨ ਅਤੇ ਆਲੋਚਨ ਵਿੱਚ ਮਦਦ ਕਰਨੀ । ਇਸ ਕਮੇਟੀ ਦੀ ਬਣਤਰ ਇਸ ਤਰਾਂ ਦੀ ਹੁੰਦੀ ਹੈ : ਤਿੰਨ ਮਾਪੇ, ਇੱਕ ਅਧਿਆਪਕ, ਸਕੂਲ ਪ੍ਰਿੰਸੀਪਲ,ਇੱਕ 10 ਤੋਂ 12ਵੀਂ ਤੱਕ ਦਾ ਵਿਦਿਆਰਥੀ ।
ਸਕੂਲ ਪਲੈਨ ਇੱਕ ਸਕੀਮ ਹੁੰਦੀ ਹੈ ਜਿਸ ਰਾਹੀਂ ਬੱਚਿਆਂ ਦੀ ਪੜ੍ਹਾਈ ਦੀ ਤਰੱਕੀ ਲਈ ਟੀਚੇ ਮਿਥੇ ਜਾਂਦੇ ਹਨ । ਇਸ ਦੇ ਨਾਲ ਨਾਲ ਬੱਚਿਆਂ ਦੀ ਸਮਾਜਿਕ ਅਤੇ ਮਾਣਸਿਕ ਤਰੱਕੀ ਲਈ ਵੀ ਸਕੀਮ ਬਣਾਈ ਜਾਂਦੀ ਹੈ ।
ਇਹ ਜੋ ਤਿੰਨ ਮਾਪੇ ਇਸ ਕਾਂਓਂਸਲ ਵਿੱਚ ਹੁੰਦੇ ਹਨ, ਓਹ ਵੋਟ ਰਾਹੀਂ ਚੁਣੇ ਜਾਂਦੇ ਹਨ । ਜਿਹੜਾ ਵੀ ਮਾਪਾ ਇਸ ਵਿੱਚ ਭਾਗ ਲੈਣਾ ਚਾਹੇ ਓਹ ਆਪਣੇ ਸਕੂਲ ਦੀ ਸਲਾਹਕਾਰ ਕਮੇਟੀ ਦੇ ਮੈਂਬਰਾਂ ਰਾਹੀਂ ਨੌਮੀਨੇਟ ਹੋ ਸਕਦਾ ਹੈ । ਇਸ ਕਾਂਊਂਸਲ ਦੀਆਂ ਫਿਰ ਸਾਲ ਵਿੱਚ ਕੰਮ ਸੇ ਕੰਮ ਤਿੰਨ ਮੀਟੰਗਾਂ ਹੁੰਦੀਆਂ ਹਨ, ਸਕੂਲ ਦੇ ਪ੍ਰਿੰਸੀਪਲ ਅਤੇ ਬਾਕੀ ਮੈਂਬਰਾਂ ਦੇ ਨਾਲ ।

### ਮਾਪਿਆਂ ਦੀ ਸਕੂਲ ਦੀ ਸਲਾਹਕਾਰ ਕਮੇਟੀ

ਇਹ ਕਮੇਟੀ ਸਕੂਲ ਨੂੰ ਹਰ ਤਰਾਂ ਦੀ ਰਾਇ ਦੇ ਸਕਦੀ ਹੈ । ਇਹ ਕਮੇਟੀ ਸਾਰੇ ਮਾਪਿਆਂ ਦੇ ਵਿਚਾਰ ਅੱਗੇ ਲਿਆ ਸਕਦੀ ਹੈ ਤਾਂ ਕਿ ਬੱਚਿਆਂ ਦੀ ਬੇਹਤਰੀ ਲਈ ਪ੍ਰੋਗਰਾਮ ਨਿਯੁਕਤ ਕੀਤੇ ਜਾ ਸਕਣ । ਇਹ ਕਮੇਟੀ ਸਕੂਲ ਦੇ ਪ੍ਰਿੰਸੀਪਲ ਨਾਲ ਰਲ ਕਿ ਬਾਕੀ ਸਾਰੇ ਮਾਪਿਆਂ ਦੇ ਨਾਲ ਸਕੂਲ ਬਾਰੇ ਵਿਚਾਰ ਸਾਂਝੀ ਕਰ ਸਕਦੀ ਹੈ ।
ਸਕੂਲ ਦੇ ਸਾਰੇ ਮਾਪੇ ਇਸ ਕਮੇਟੀ ਦੇ ਮੈਂਬਰ ਹਨ ਅਤੇ ਸਕੂਲ ਦੀ ਮਾਹਵਾਰੀ ਮੀਟਿੰਗ ਵਿੱਚ ਹਿੱਸਾ ਲੈਣ ਦੇ ਹੱਕਦਾਰ ਹਨ । ਆਪਣੇ ਸਕੂਲ ਦੀ ਇਸ ਕਮੇਟੀ ਦੀਆਂ ਮੀਟਿੰਗਾਂ ਬਾਰੇ ਹੋਰ ਜਾਣਕਾਰੀ ਸਕੂਲ ਤੋਂ ਲਵੋ ।

### ਜਿਲਾ ਪ੍ਰੀਸ਼ਧ ਮਾਪਿਆਂ ਦੀ ਸਲਾਹਕਾਰ ਕਮੇਟੀ

ਇਹ ਕਮੇਟੀ ਸਾਰੇ ਜਿਲੇ ਦੇ ਵਿਚਾਰਾਂ ਨੂੰ ਸਕੂਲ ਬੋਰਡ ਤੱਕ ਪੰਹੁਚਾਓਣ ਦੀ ਜ਼ਿਮੇਵਾਰ ਹੈ । ਇਸ ਕਮੇਟੀ ਦਾ ਫਰਜ਼ ਹੈ ਮਾਪਿਆਂ ਦੀਆਂ ਵਿਚਾਰਾਂ ਅੱਗੇ ਲਿਆਓਣੀਆਂ ਅਤੇ ਜਿਲੇ ਵਿੱਚ ਚੱਲ ਰਹੇ ਪੜ੍ਹਾਈ ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਅਤੇ ਨੀਤੀਆਂ ਬਾਰੇ ਵਿਚਾਰ ਸਾਂਝੇ ਕਰਨਾ ਅਤੇ ਸਕੂਲ ਬੋਰਡ ਨਾਲ ਸਲਾਹ ਮਸ਼ਵਰਾ ਕਰਨਾਂ । ਹਰ ਸਕੂਲ ਤੋਂ ਇੱਕ ਮੈਂਬਰ ਇਸ ਕਮੇਟੀ ਦੀ ਮਾਹਵਾਰੀ ਮੀਟਿੰਗ ਵਿੱਚ ਹਿੱਸਾ ਲੈ ਸਕਦਾ ਹੈ ਅਤੇ ਦੋਨੋ ਧਿਰਾਂ ਵਿੱਚ ਚਲ ਰਹੇ ਵਿਚਾਰ ਵਟਾਂਦਰਿਆਂ ਨੂੰ ਸਾਂਝੇ ਕਰ ਸਕਦਾ ਹੈ ।